# ਪੰਜਾਬ ਸਰਕਾਰ
## ਲੋਕ ਨਿਰਮਾਣ ਵਿਭਾਗ
## (ਇਮਾਰਤਾਂ ਤੇ ਸੜਕਾਂ -1 ਸ਼ਾਖਾ)
## ਦਫਤਰੀ ਹੁਕਮ

ਹੁਸ਼ਿਆਰਪੁਰ-ਮਾਹਿਲਪੁਰ ਸੜਕ ਤੋਂ ਸ਼ੇਰਪੁਰ ਢੱਕੋਂ, ਨੰਗਲ ਚੋਰਾਂ,ਚੱਕ ਮੱਲਾਂ,ਜੰਡੋਲੀ ਸਾਰੰਗਵਾਲ, ਮੈਲੀ ਲਿੰਕ ਸੜਕ ਤੇ ਮੀਂਹ ਪੈਂਦੇ ਵਿੱਚ ਲੁੱਕ ਦੇ ਕੰਮ ਹੋਣ ਬਾਰੇ ਮਿਤੀ 09.07.2022 ਨੂੰ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਵੀਡੀਓ ਦੇ ਅਧਾਰ ਤੇ ਸਰਕਾਰ ਦੇ ਹੁਕਮ ਨੰ:10/47/2022-ਇਸ1(4)/1525/1, ਮਿਤੀ 09.07.2022 ਰਾਹੀਂ ਸੜਕ ਦਾ ਕੰਮ ਕਰਵਾਉਣ ਵਾਲੇ ਸ੍ਰੀ ਤਰਸੇਮ ਸਿੰਘ, ਉਪ ਮੰਡਲ ਇੰਜੀਨੀਅਰ, ਸ੍ਰੀ ਪਰਵੀਨ ਕੁਮਾਰ, ਜੂਨੀਅਰ ਇੰਜੀਨੀਅਰ, ਸ੍ਰੀ ਜਸਬੀਰ ਸਿੰਘ, ਜੂਨੀਅਰ ਇੰਜੀਨੀਅਰ ਅਤੇ ਸ੍ਰੀ ਵਿਪਨ ਕੁਮਾਰ, ਜੂਨੀਅਰ ਇੰਜੀਨੀਅਰ ਨੂੰ ਤੁਰੰਤ ਪ੍ਰਭਾਵ ਤੋਂ ਸਰਕਾਰੀ ਸੇਵਾਵਾਂ ਤੋਂ ਮੁਅੱਤਲ ਕੀਤਾ ਗਿਆ ਸੀ।

2 . ਸਰਕਾਰ ਦੇ ਪੱਤਰ ਨੰ: 10/47/2022-ਇਸ1(4)(ਪ.ਫ)/3072-3075, ਮਿਤੀ 18.11.2022 ਰਾਹੀਂ 04 ਅਧਿਕਾਰੀ/ਕਰਮਚਾਰੀਆਂ ਨੂੰ ਚਾਰਜਸੀਟ ਜਾਰੀ ਕੀਤੀ ਗਈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਦੋਸ਼ ਲਗਾਏ ਗਏ ਸਨ:-

i. ਡਿਊਟੀ ਵਿੱਚ ਕੁਤਾਹੀ ਵਰਤਣ ਬਾਰੇ।

ii. ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਨਾਂ ਲਿਆਉਣ ਬਾਰੇ।

iii. ਪੀ.ਡਬਲਯੂ.ਡੀ ਸਪੈਸੀਫਿਕੇਸ਼ਨ ਅਨੁਸਾਰ ਕੰਮ ਨਾ ਕਰਵਾਉਣ ਬਾਰੇ।

3. ਦੋਸ਼ੀ ਅਧਿਕਾਰੀ/ਕਰਮਚਾਰੀਆਂ ਵੱਲੋ ਸਰਕਾਰ ਨੂੰ ਦੋਸ਼ ਸੂਚੀ ਦਾ ਜਵਾਬ ਪੇਸ਼ ਕਰ ਦਿੱਤਾ ਗਿਆ ਸੀ। ਜਿਸ ਤੇ ਮੁੱਖ ਇੰਜੀਨੀਅਰ (ਹੈ.ਕੁ), ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਦੇ ਮੀਮੋ ਨੰ: 47/ਪੜਤਾਲ, ਮਿਤੀ:05.01.2023 ਰਾਹੀਂ ਕੀਤੀ ਗਈ ਸ਼ਿਫਾਰਿਸ ਨੂੰ ਵਿਚਾਰਨ ਉਪਰੰਤ ਸਰਕਾਰ ਦੇ ਹੁਕਮ ਨੰ: 10/47/2022-ਇਸ1(4)/3236-40 ਮਿਤੀ 01.12.2022 ਰਾਹੀਂ ਇਹਨਾਂ ਅਧਿਕਾਰੀ/ਕਰਮਚਾਰੀਆਂ ਨੂੰ ਪੈਂਡਿੰਗ ਇੰਨਕੁਆਰੀ ਬਹਾਲ ਕੀਤਾ ਗਿਆ ਸੀ।

4. ਸਰਕਾਰ ਦੇ ਪੱਤਰ ਨੰ: PWD-BR1020/36/2024-4BR1/821016/2024 ਮਿਤੀ:12.04.2024 ਰਾਹੀਂ ਮੁੱਖ ਇੰਜੀਨੀਅਰ (ਕੁਆਲਿਟੀ ਕੰਟਰੋਲ) ਲੋਕ ਨਿਰਮਾਣ ਵਿਭਾਗ ਤੋਂ ਸੜਕ ਦੀ ਇੰਸਪੈਕਸ਼ਨ ਕਰਕੇ ਰਿਪੋਰਟ ਮੰਗੀ ਗਈ ਸੀ। ਮੁੱਖ ਇੰਜੀਨੀਅਰ ਕੁਆਲਿਟੀ ਕੰਟਰੋਲ ਵੱਲੋ ਆਪਣੇ ਮੀਮੋ ਨੰ: (1244/1284)1301/ਕਕਸ ਮਿਤੀ 07.06.2024 ਰਾਹੀਂ ਭੇਜੀ ਗਈ ਰਿਪੋਰਟ ਵਿੱਚ ਲਿਖਿਆ ਗਿਆ ਕਿ ਇਸ ਕੰਮ ਦੀ Visual Inspection ਕਰਨ ਤੇ ਇਹ ਕੰਮ ਠੀਕ ਪਾਇਆ ਗਿਆ ਹੈ।

5. ਮੁੱਖ ਇੰਜੀਨੀਅਰ (ਹੈ:ਕੁ) ਲੋਕ ਨਿਰਮਾਣ ਵਿਭਾਗ (ਭ ਤੇ ਮ ) ਪਟਿਆਲਾ ਦੀ ਹਾਜਰੀ ਵਿੱਚ ਲੋਕ ਨਿਰਮਾਣ ਮੰਤਰੀ ਜੀ ਵਲੋਂ ਦੋਸ਼ੀ ਅਧਿਕਾਰੀ/ਕਰਮਚਾਰੀਆਂ ਨੂੰ ਆਪਣਾ ਪੱਖ ਰੱਖਣ ਲਈ ਮਿਤੀ 02.07.2024 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੋਰਾਨ ਪੇਸ਼ ਕੀਤੇ ਗਏ ਦਸਤਾਵੇਜ਼ ਅਤੇ ਰਿਕਾਰਡ

ਨੂੰ ਵਾਚਣ ਉਪਰੰਤ ਸਮਰੱਥ ਅਥਾਰਟੀ ਵਲੋਂ ਲਏ ਗਏ ਫੈਸਲੇ ਦੇ ਸਨਮੁੱਖ ਸ੍ਰੀ ਤਰਸੇਮ ਸਿੰਘ, ਉਪ ਮੰਡਲ ਇੰਜੀਨੀਅਰ (ਹੁਣ ਰਿਟਾਇਰਡ) ਨੂੰ ਜਾਰੀ ਕੀਤੀ ਗਈ ਚਾਰਜਸੀਟ ਦਾਖਲ ਦਫਤਰ ਕੀਤੀ ਜਾਂਦੀ ਹੈ ਅਤੇ ਸ੍ਰੀ ਪਰਵੀਨ ਕੁਮਾਰ, ਜੂਨੀਅਰ ਇੰਜੀਨੀਅਰ, ਸ੍ਰੀ ਜਸਬੀਰ ਸਿੰਘ, ਜੂਨੀਅਰ ਇੰਜੀਨੀਅਰ ਅਤੇ ਸ੍ਰੀ ਵਿਪਨ ਕੁਮਾਰ, ਜੂਨੀਅਰ ਇੰਜੀਨੀਅਰ ਨੂੰ ਭਵਿੱਖ ਵਿੱਚ ਸੁਚੇਤ ਰਹਿਣ ਦੀ ਤਾੜਨਾ ਕਰਦੇ ਹੋਏ ਉਨ੍ਹਾਂ ਨੂੰ ਜਾਰੀ ਕੀਤੀਆਂ ਚਾਰਜਸੀਟਾਂ ਨੂੰ ਦਾਖਲ ਦਫ਼ਤਰ ਕੀਤਾ ਜਾਂਦਾ ਹੈ।

ਪ੍ਰਿਯਾਂਕ ਭਾਰਤੀ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ

ਮਿਤੀ ਚੰਡੀਗੜ੍ਹ
18/7/2024

ਪਿੱ:ਅੰ ਨੰ : PWD-BR1020/36/2024-4BR1/885981/1-3 ਮਿਤੀ ਚੰਡੀਗੜ੍ਹ:- 18/07/2024

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, (ਹੈਡ ਕੁਆਰਟਰ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ।
2. ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
3. ਸਬੰਧਤ ਅਧਿਕਾਰੀ/ਕਰਮਚਾਰੀਆਂ (ਮਾਰਫਤ ਮੁੱਖ ਇੰਜੀਨੀਅਰ, (ਹੈਡ ਕੁਆਰਟਰ) ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ ਪਟਿਆਲਾ)।

ਸੁਪਰਡੰਟ

**ਅੰਦਰੂਨੀ ਵੰਡ:-**

1. ਨਿੱਜੀ ਸਹਾਇਕ /ਲੋਕ ਨਿਰਮਾਣ ਮੰਤਰੀ ਪੰਜਾਬ।
2. ਨਿੱਜੀ ਸਕੱਤਰ/ਸਕੱਤਰ ਲੋਕ ਨਿਰਮਾਣ।
3. ਸ.ਸ.ਸ/ਅਧੀਨ ਸਕੱਤਰ,ਲੋਕ ਨਿਰਮਾਣ।